# ਸ਼ਰਤਾਂ

## ਗਨਦਥਪ ਬਠਿੰਡਾ ਵਿਖੇ ਦੁਕਾਨ ਨੰ: 1, 5,6 ਅਤੇ ਬੂਥ ਨੰ: 12 ਦੀ ਬੋਲੀ ਲਈ ਸ਼ਰਤਾਂ ਦੀ ਸੂਚੀ

1 ਦੁਕਾਨ/ਬੂਥ ਖੁਲੀ ਬੋਲੀ ਰਾਹੀਂ 11 ਮਹੀਨਿਆਂ ਲਈ ਲਾਇਸੈਂਸ ਤੇ ਦਿੱਤੀ ਜਾਵੇਗੀ ਅਤੇ ਸਭ ਤੋਂ ਉਚੀ ਬੋਲੀ ਵਾਲੇ ਦੇ ਨਾਮ ਬੋਲੀ ਛੱਡੀ ਜਾਵੇਗੀ।ਮਹਿਕਮੇ ਵਲੋ ਇਸ ਦੁਕਾਨ ਦੀ ਰਾਖਵੀਂ ਬੋਲੀ 8,000/-ਰੁਪਏ ਪ੍ਰਤੀ ਮਹੀਨਾ ਰੱਖੀ ਗਈ ਹੈ ਅਤੇ ਬੂਥ ਰਾਖਵੀਂ ਬੋਲੀ 3,500/-ਰੁਪਏ ਪ੍ਰਤੀ ਮਹੀਨਾ ਰੱਖੀ ਗਈ ਹੈ। ਦੁਕਾਨ/ਬੂਥ ਦਾ ਕਬਜ਼ਾ ਹਾਊਸ ਅਲਾਟਮੈਂਟ ਕਮੇਟੀ ਦੇ ਅਧਿਕਾਰੀ ਵਲੋਂ ਉਚੀ ਬੋਲੀ ਦੀ ਪ੍ਰਵਾਨਗੀ ਤੋਂ ਬਾਅਦ ਦਿੱਤਾ ਜਾਵੇਗਾ। ਹਾਊਸ ਅਲਾਟਮੈਂਟ ਕਮੇਟੀ ਦੇ ਅਧਿਕਾਰੀ ਨੂੰ ਕਿਸੇ ਬੋਲੀ ਨੂੰ ਬਗੈਰ ਵਜਾ ਦੱਸੇ ਰੱਦ ਕਰਨ ਦਾ ਅਧਿਕਾਰ ਹੋਵੇਗਾ।

2 ਹਰ ਬੋਲੀ ਦਹਿੰਦਾ ਜ਼ੋ ਬੋਲੀ ਵਿੱਚ ਸ਼ਾਮਲ ਹੋਵੇਗਾ ਉਸ ਪਾਸੋਂ ਮੌਕੇ ਤੇ ਹੀ ਦੁਕਾਨ ਅਤੇ ਬੂਥ ਲਈ ਕਰਮਵਾਰ 12,000/- ਅਤੇ 5,000/- ਰੁਪੈ ਬਿਆਨੇ ਵਜੋਂ ਲਏ ਜਾਣਗੇ ਜ਼ੋਕਿ ਬੋਲੀ ਦੇ ਖਾਤਮੇ ਦੇ ਤੁਰੰਤ ਮਗਰੋਂ ਜਿਸ ਸ਼ਖਸ਼ ਦੇ ਨਾਮ ਬੋਲੀ ਟੁਟੇਗੀ ਨੂੰ ਛੱਡ ਕੇ ਬਾਕੀ ਸਭ ਨੂੰ ਜਮਾਂ ਕਰਵਾਈ ਗਈ ਬਿਆਨੇ ਦੀ ਰਕਮ ਵਾਪਸ ਕਰ ਦਿੱਤੀ ਜਾਵੇਗੀ। ਬੋਲੀ ਖਤਮ ਹੋਣ ਤੇ ਸਭ ਤੋਂ ਉਚੀ ਬੋਲੀ **ਕਰਤਾ** ਵਲੋਂ ਦੋ ਮਹੀਨੇ ਦੀ ਲਾਇਸੈਂਸ ਫੀਸ ਦੇ ਬਰਾਬਰ ਰਕਮ ਭਰਨੀ ਪਵੇਗੀ ਜਿਸ ਵਿੱਚ ਅਰਨੈਸਟ ਮਨੀ ਵਜੋਂ ਲਈ ਰਕਮ ਅਡਜੈਸਟ ਕਰ ਦਿੱਤੀ ਜਾਵੇਗੀ।

3 ਜਿਸ ਸਖਸ਼ ਨੂੰ ਬੂਥ ਅਲਾਟ ਦੀ ਮੰਨਜ਼ੂਰੀ ਮਿਲੇਗੀ ਉਹ ਸਖਸ਼ ਛੇ ਮਹੀਨੇ ਦੀ ਲਾਇਸੈਂਸ ਫੀਸ ਦੇ ਬਰਾਬਰ ਬਤੌਰ ਸਕਿਉਰਿਟੀ ਮੰਨਜ਼ੂਰੀ ਮਿਲਣ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਉਣ ਦਾ ਪਾਬੰਦ ਹੋਵੇਗਾ।ਸ਼ਰਤ ਨੰਬਰ-2 ਅਨੁਸਾਰ ਲਈ ਗਈ ਰਕਮ ਸਕਿਉਰਿਟੀ ਵਿੱਚ ਸ਼ਾਮਲ ਕੀਤੀ ਜਾਵੇਗੀ। ਸਕਿਉਰਿਟੀ ਨਾਂ ਜਮਾਂ ਕਰਵਾਉਣ ਦੀ ਹਾਲਤ ਵਿੱਚ ਦੁਕਾਨ ਦੀ ਅਲਾਟਮੈਂਟ ਕੈਂਸਲ ਕਰ ਦਿੱਤੀ ਜਾਵੇਗੀ।

4 ਬੂਥ ਅਲਾਟ ਦੀ ਮੰਨਜ਼ੂਰੀ ਤੋ 15 ਦਿਨਾਂ ਦੇ ਅੰਦਰ ਅੰਦਰ ਲਾਇਸੈਂਸੀ ਲੀਜ਼ ਡੀਡ ਵਜੋਂ ਮਹਿਕਮੇ ਨਾਲ ਇਕਰਾਰਨਾਮਾ ਕਰੇਗਾ ਜ਼ੋ ਕਿ ਨਟਰੀ ਪਬਲਿਕ ਵੱਲ ਤਸਦੀਕ ਕਰਵਾ ਕੇ ਦੇਵੇਗਾ।

5 ਬੂਥ ਅਲਾਟ ਦੀ ਮੰਨਜ਼ੂਰੀ ਤੋ 15 ਦਿਨਾਂ ਦੇ ਅੰਦਰ ਅੰਦਰ ਲਾਇਸੈਂਸੀ ਆਪਣੇ ਖਰਚੇ ਤੇ ਇੱਕ ਤਸਦੀਕ ਸੁਦਾ ਜਮਾਨਤ ਪੇਸ਼ ਕਰੇਗਾ ਅਤੇ ਉਸ ਵਿੱਚ ਦਰਸ਼ਾਈ ਜਾਇਦਾਦ ਦੀ ਮਾਲਕੀ ਦੇ ਸਬੂਤ ਦੀ ਤਸਦੀਕ ਸੁਦਾ ਫੋਟੋ ਕਾਪੀ ਪੇਸ਼ ਕਰੇਗਾ।

6 ਜਿਸ ਸਖਸ਼ ਦੀ ਸਭ ਤੋਂ ਉਚੀ ਬੋਲੀ ਹੌਂਵੇਗੀ ਉਹ ਬੋਲੀ ਅਤੇ ਸ਼ਰਤਾਂ ਦੀ ਪ੍ਰਵਾਨਗੀ ਤੋਂ ਬਾਅਦ ਸ਼ਰਤ ਨੰ:3,4,5 ਦੀ ਤੁਰੰਤ ਪਾਲਨਾ ਕਰਕੇ ਕਬਜ਼ਾ ਲੈਣ ਲਈ ਪਾਬੰਦ ਹੋਵੇਗਾ।

7 ਬੋਲੀ ਦੀ ਪ੍ਰਵਾਨਗੀ ਤੋਂ ਮਗਰੋਂ ਦੁਕਾਨ ਦਾ ਕਬਜਾ ਦੁਕਾਨਦਾਰ ਵਲੋਂ ਨਾਂ ਲੈਣ ਦੀ ਸੂਰਤ ਵਿੱਚ ਬੋਲੀ ਦਹਿੰਦਾ ਵਜੋਂ ਜਮਾਂ ਕਰਾਈ ਗਈ ਸਕਿਉਰਿਟੀ ਰਕਮ ਜਬਤ ਕਰਨ ਦਾ ਹਾਊਸ ਅਲਾਟਮੈਂਟ ਕਮੇਟੀ ਨੂੰ ਅਧਿਕਾਰ ਹੋਵੇਗਾ।

8 ਲਾਇਸੈਂਸ ਫੀਸ ਹਰ ਮਹੀਨੇ ਦੀ 10 ਤਰੀਕ ਤੱਕ ਅਦਾ ਕਰਨਾ ਜ਼ਰੂਰੀ ਹੋਵੇਗੀ। ਇਸ ਤੋਂ ਮਗਰੋਂ ਲਾਇਸੈਂਸ ਫੀਸ ਦਾਖਲ ਕਰਨ ਦੀ ਸੂਰਤ ਵਿੱਚ 10% ਸਰਚਾਰਜ਼ ਲਗੇਗਾ ਅਤੇ ਲਾਇਸੈਂਸ ਫੀਸ ਸਰਚਾਰਜ ਸਮੇਤ ਅਗਲੇ ਮਹੀਨੇ ਦੀ ਲਾਇਸੈਂਸ ਫੀਸ ਨਾਲ ਮਿਥੀ ਹੋਈ ਤਰੀਕ ਤੇ ਭਰਨ ਦਾ ਪਾਬੰਦ ਹੋਵੇਗਾ। ਉਸ ਦਿਨ ਛੁੱਟੀ ਦੀ ਸੂਰਤ ਵਿੱਚ ਅਗਲੇ ਦਿਨ ਦਫ਼ਤਰ ਖੁਲਣ ਤੇ ਲਾਇਸੈਂਸ ਫੀਸ ਲਈ ਜਾਵੇਗੀ।ਜੇਕਰ ਦੁਕਾਨ ਖਾਲੀ ਕਰਨ ਸਮੇਂ ਦੁਕਾਨਦਾਰ ਵੱਲ ਕੋਈ ਕਿਰਾਇਆ ਬਕਾਇਆ ਰਹਿੰਦਾ ਹੈ ਜਾਂ ਉਹ ਲੀਜ਼ ਪੀਰੀਅਡ ਖਤਮ ਹੋਣ ਤੋਂ ਪਹਿਲਾਂ ਦੁਕਾਨ ਖਾਲੀ ਕਰਦਾ ਹੈ ਤਾਂ ਉਸਦੀ ਸਕਿਉਰਿਟੀ ਜਬਤ ਕਰ ਲਈ ਜਾਵੇਗੀ।

9 ਜੀ ਐਸ ਟੀ ਲਾਇਸੈਂਸੀ ਨੂੰ ਫੀਸ ਤ' ਵੱਖਰਾ ਅਦਾ ਕਰਨਾ ਪਵੇਗਾ।

10 ਜੇਕਰ ਰਾਜ/ਕੇਂਦਰ ਵਲੋਂ ਕੋਈ ਹੋਰ ਟੈਕਸ ਲੱਗਦਾ ਹੈ ਤਾਂ ਉਹ ਲਾਇਸੈਂਸੀ ਵਲੋਂ ਅਦਾ ਕਰਨਯੋਗ ਹੈ ਅਤੇ ਉਹ ਲਾਇਸੈਂਸ ਫੀਸ ਤੋਂ ਵੱਖਰਾ ਹੋਵੇਗਾ।

11 ਦੁਕਾਨ/ ਬੂਥ ਦਾ ਕਬਜ਼ਾ ਸੰਭਾਲਣ ਦੀ ਮਿਤੀ ਤੋਂ ਉਪਰੋਕਤ ਸਮੇ਼ ਲਈ ਲੀਜ਼ ਤੇ ਦਿੱਤੀ ਜਾਵੇਗੀ। ਮਿਆਦ ਪੂਰੀ ਹੋਣ ਤੇ ਲਾਇਸੈਂਸੀ ਦੁਕਾਨ ਖਾਲੀ ਕਰਕੇ ਗਨਦਥਪ,ਸੰਸਥਾ ਦੇ ਹਵਾਲੇ ਕਰਨ ਦਾ ਪਾਬੰਦ ਹੋਵੇਗਾ। ਉਪਰੋਕਤ ਮਿਆਦ ਪੂਰੀ ਹੋਣ ਤੇ ਅਗਰ ਲਾਇਸੈਂਸੀ ਦੁਕਾਨ ਨੂੰ ਅੱਗੇ ਵਾਸਤੇ ਰੱਖਣਾ ਚਾਹੁੰਦਾ ਹੋਵੇ ਤਾਂ ਹਾ:ਅ:ਕ:ਨੂੰ ਮਿਆਦ ਪੂਰੀ ਹੋਣ ਤੇ ਇੱਕ ਮਹੀਨਾ ਪਹਿਲਾਂ ਆਪਣੀ ਸਹਿਮਤੀ ਲਿਖਾ ਕੇ ਦੇਵੇਗਾ। ਹਾ:ਅ:ਕ:ਇਸ ਸਹਿਮਤੀ ਤੇ ਵਿਚਾਰ ਕਰਕੇ ਅਤੇ ਪਬਲਿਕ ਪ੍ਰਾਪਰਟੀ ਵਾਂਗ ਲਾਇਸੈਂਸ ਫੀਸ 7% ਵਧਾ ਕੇ ਵਧਾ ਕੇ ਅਗਲੇ 11 ਮਹੀਨੇ ਵਾਸਤੇ ਨਵਾਂ ਐਗਰੀਮੈਂਟ ਕਰ ਸਕਦੀ ਹੈ।

12 ਜੇਕਰ ਗਨਦਥਪ,ਬਠਿੰਡਾ ਸੰਸਥਾ ਨੂੰ ਕਿਸੇ ਨਿੱਜੀ ਵਰਤੋਂ ਲਈ ਦੁਕਾਨ ਲੋੜੀਂਦੀ ਹੋਵੇਗੀ ਤਾਂ ਉਹ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਦੁਕਾਨ ਖਾਲੀ ਕਰਵਾਏਗੀ।ਲਾਇਸੈਂਸੀ ਇਸਦਾ ਪਾਬੰਦ ਹੋਵੇਗਾ।

13 ਲਾਇਸੈਂਸੀ ਦੁਕਾਨ ਵਿੱਚ ਹਾਊਸ ਅਲਾਟਮੈਂਟ ਕਮੇਟੀ ਦੀ ਪੇਸ਼ਗੀ ਮੰਨਜੂਰੀ ਤੋਂ ਬਿਨਾਂ ਕਿਸੇ ਦੂਜੇ ਫਰੀਕ ਨੂੰ ਹਿੱਸੇਦਾਰ ਜਾਂ ਸ਼ਿਕਮੀ ਲਾਇਸੈਸੀ ਨਹੀਂ ਬਣਾ ਸਕਦਾ। ਜੇਕਰ ਕੋਈ ਅਜਿਹਾ ਕਰੇਗਾ ਤਾਂ ਲਾਇਸੈਂਸੀ ਦੇ ਲੀਜ਼ ਡੀਡ ਵਜੋਂ ਕੀਤਾ ਗਿਆ ਇਕਰਾਰਨਾਮਾ ਕੇਂਸਲ ਸਮਝਿਆ ਜਾਵੇਗਾ ਅਤੇ ਦੁਕਾਨ ਖਾਲੀ ਕਰਵਾ ਲਈ ਜਾਵੇਗੀ। ਲਾਇਸੈਂਸੀ ਦੀ ਸਾਰੀ ਸਕਿਉਰਿਟੀ ਜਬਤ ਕਰ ਲਈ ਜਾਵੇਗੀ।

14 ਦੁਕਾਨ ਦੀ ਉਪਰਲੀ ਛੱਤ ਗੁਰੂ ਨਾਨਕ ਦੇਵ ਥਰਮਲ ਪਲਾਂਟ ਸੰਸਥਾ ਦੇ ਕਬਜ਼ੇ ਵਿੱਚ ਹੋਵਗੀ ਲਾਇਸੈਂਸੀ ਇਸ ਨੂੰ ਆਪਣੀ ਵਰਤੋਂ ਵਿੱਚ ਨਹੀਂ ਲਿਆ ਸਕਦਾ।

15 ਲਾਇਸੈਂਸੀ ਦੁਕਾਨ ਦੇ ਬਰਾਮਦੇ ਨੂੰ ਗਾਹਕਾਂ ਦੀ ਆਵਾਜਾਈ ਲਈ ਖਾਲੀ ਰਖੇਗਾ ਅਤੇ ਦੁਕਾਨ ਦੇ ਹਿੱਸੇ ਵਜੋਂ ਨਹੀਂ ਵਰਤੇਗਾ।

16 ਲਾਇਸੈਂਸੀ ਨੂੰ ਜਿਸ ਹਾਲਤ ਵਿੱਚ ਦੁਕਾਨ ਦਿੱਤੀ ਜਾਵੇਗੀ ਉਹ ਦੁਕਾਨ ਨੂੰ ਉਸੇ ਹਾਲਤ ਵਿੱਚ ਰੱਖਣ ਦਾ ਪਾਬੰਦ ਹੋਵੇਗਾ। ਜਿਸ ਵਿੱਚ ਕੋਈ ਵਾਧਾ/ਘਾਟਾ ਨਹੀਂ ਕਰੇਗਾ ਅਤੇ ਦੁਕਾਨ ਨੂੰ ਠੀਕ ਹਾਲਤ ਵਿੱਚ ਰੱਖਣ ਲਈ ਉਸਦੀ ਮੁਰੰਮਤ ਆਦਿ ਕਰਾਉਣ ਦਾ ਪਾਬੰਦ ਹੋਵੇਗਾ। ਦੁਕਾਨ ਦੀ ਉਸਾਰੀ ਵਿੱਚ ਕੋਈ ਨੁਕਸ ਹੋਣ ਕਾਰਨ ਜੇਕਰ ਕਿਸੇ ਵੱਡੀ ਮੁਰੰਮਤ ਦੀ ਲੋੜ ਪੈਂਦੀ ਹੈ ਤਾਂ ਗਨਦਥਪ,ਸੰਸਥਾ ਕਰਵਾਏਗੀ। ਕੰਮ ਲਈ ਲੋੜੀਂਦੇ ਪ੍ਰਬੰਧਾਂ ਲਈ ਅਗਰ ਕੋਈ ਤੋੜ੍ਹ-ਭੰਨ ਕਰਨ ਦੀ ਜ਼ਰੂਰਤ ਪੈਂਦੀ ਹੈ ਤਾਂ ਦੁਕਾਨਦਾਰ ਇਹ ਖਰਚਾ ਆਪਣੇ ਪੱਧਰ ਤੇ ਕਰੇਗਾ। ਦੁਕਾਨ ਖਾਲੀ ਕਰਨ ਸਮੇਂ ਬੂਥ ਨੂੰ ਪਹਿਲਾਂ ਵਾਲੀ ਸਥਿਤੀ ਵਿੱਚ ਕਰਨ ਲਈ ਪਾਬੰਦ ਹੋਵੇਗਾ ਨਹੀਂ ਤਾਂ ਸਕਿਉਰਿਟੀ ਜਬਤ ਕਰ ਲਈ ਜਾਵੇਗੀ। ਲਾਇਸੈਂਸੀ ਗਨਦਥਪ,ਸੰਸਥਾ ਦੀ ਪੇਸ਼ਗੀ ਮੰਨਜੂਰੀ ਤੋਂ ਬਿਨ੍ਹਾਂ ਦੁਕਾਨ ਵਿੱਚ ਦਰਵਾਜਾ/ਖਿੜਕੀ/ਦੀਵਾਰ ਆਦਿ ਨਹੀਂ ਕੱਢ ਸਕਦਾ।

17 ਲਾਇਸੈਂਸੀ ਦੁਕਾਨ ਦੀ ਵਰਤੋਂ ਸਿਰਫ ਉਸੇ ਕੰਮ ਲਈ ਕਰੇਗਾ ਜਿਸ ਵਾਸਤੇ ਉਸਨੂੰ ਉਹ ਅਲਾਟ ਕੀਤੀ ਗਈ ਹੈ।

18 ਲਾਇਸੈਂਸੀ ਮਾਰਕਿਟ ਵਿੱਚ ਕਿਸੇ ਕਿਸਮ ਦੀ ਪਬਲਿਕ ਨਿਊਸੈਂਸ ਪੈਦਾ ਨਹੀਂ ਕਰੇਗਾ।

19 ਲਾਇਸੈਂਸੀ ਆਪਣੀ ਦੁਕਾਨ ਵਿੱਚ ਕੋਈ ਨਕਲੀ ਅਤੇ ਮਿਲਾਵਟੀ ਸਮਾਨ ਨਹੀਂ ਵੇਚੇਗਾ ਚੀਜਾਂ ਦੇ ਭਾਅ ਮਾਰਕਿਟ ਅਨੁਸਾਰ ਰੱਖੇਗਾ ਤੇ ਅਲਾਟਮੈਂਟ ਪੱਤਰ ਦੀ ਪਾਲਣਾ ਕਰੇਗਾ।

20 ਉਪਰੋਕਤ ਦਰਜ਼ ਸ਼ਰਤਾਂ ਵਿਚੋ ਕਿਸੇ ਇੱਕ ਵੀ ਸ਼ਰਤ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਗਨਦਥਪ,ਸੰਸਥਾ ਨੂੰ ਦੁਕਾਨ ਖਾਲੀ ਕਰਵਾ ਲੈਣ ਦਾ ਹੱਕ ਹੋਵੇਗਾ ਅਤੇ ਲਾਇਸੈਂਸੀ ਵਲੋ ਜਮਾਂ ਕਰਵਾਈ ਗਈ ਰਕਮ ਸਕਿਉਰਿਟੀ ਜਬਤ ਕਰ ਲਈ ਜਾਵੇਗੀ ਜਿਸ ਤੇ ਲਾਇਸੈਂਸੀ ਦਾ ਕੋਈ ਉਜਰ ਨਹੀਂ ਮੰਨਿਆ ਜਾਵੇਗਾ।

21 ਜੇਕਰ ਦੁਕਾਨ ਖਾਲੀ ਕਰਨ ਸਮੇਂ ਦੁਕਾਨਦਾਰ ਵੱਲ ਕੋਈ ਕਿਰਾਇਆ ਬਕਾਇਆ ਰਹਿੰਦਾ ਹੈ ਜਾਂ ਉਹ ਲੀਜ਼ ਪੀਰੀਅਡ ਖਤਮ ਹੋਣ ਤੋਂ ਪਹਿਲਾਂ ਦੁਕਾਨ ਖਾਲੀ ਕਰਦਾ ਹੈ ਤਾਂ ਉਸਦੀ ਸਕਿਉਰਟੀ ਜਬਤ ਕਰ ਲਈ ਜਾਵੇਗੀ ।

ਸਕੱਤਰ /ਹਾ.ਅ.ਕ.
ਗਨਦਥਪ ਬਠਿੰਡਾ